**ਪ੍ਰ4. ਹੇਠ ਲਿਖੇ ਕਾਵਿ-ਅੰਸ਼ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:** **(3×1=3)**

ਨਾ ਵਾਗਾਂ ਭੈਣਾਂ ਗੁੰਦੀਆਂ, ਨਾ ਜੌ ਹੀ ਚਾਰੇ,

ਨਾ ਗਾਨਾ ਕਿਸ ਨੇ ਬੰਨਿਆ, ਨਾ ਚੜ੍ਹਿਆ ਖਾਰੇ

ਨਾ ਸ਼ਗਨਾ ਵਾਲੀਆਂ ਮਹਿੰਦੀਆਂ, ਕੋਈ ਹੱਥ ਸ਼ਿੰਗਾਰੇ।

ੳ) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ?

ਅ) ਕਵਿਤਾ ਦੇ ਕਵੀ ਦਾ ਨਾਮ ਦੱਸੋ।

ੲ) ਇਨ੍ਹਾਂ ਸਤਰਾਂ ਦੇ ਭਾਵ ਸਪਸ਼ਟ ਕਰੋ।

## ਵਿਆਕਰਨ

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ।** **(2)**

ਬਾਦਸ਼ਾਹ, ਕਸ਼ਮੀਰੀ, ਚਰਖਾ, ਅਧਿਆਪਕ

**ਪ੍ਰ2. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ।** **(2)**

ਕਵਿਤਾ, ਮੈਂ, ਇੱਛਾ, ਵਸਤੂ

**ਪ੍ਰ3. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ।** **(2)**

ਅਪਣਾ, ਖੁਬਸੁਰਤ, ਆਜ਼ਾਦੀ, ਜੁਤੀ

**ਪ੍ਰ4. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ।** **(6)**

ਉਮਰ ਦੀਆਂ ਰੋਟੀਆਂ ਕਮਾ ਲੈਣੀਆਂ, ਅੱਖਾਂ ਵਿੱਚ ਚਰਬੀ ਆਉਣੀ, ਅੱਲ ਪੈਜਾਣੀ, ਓਹੜ-ਪੋਹੜ ਕਰਨੇ, ਅਕਲ ਗਿੱਟਿਆਂ ਵਿੱਚ ਹੋਣੀ, ਆਪਣੇ ਮੂੰਹ-ਮੀਆਂ ਮਿੱਠੂ ਹੋਣਾ

**ਪ੍ਰ5. ਹੇਠ ਲਿਖੇ ਪੈਰ੍ਹੇ ਵਿੱਚੋਂ ਪ੍ਰਸ਼ਨਾਂ ਦੇ ਉੱਤਰ ਲੱਭ ਕੇ ਲਿਖੋ।** **(6)**

ਜਿਸ ਸਰੀਰ ਨੇ ਕਦੀ ਖੇਚਲ, ਮਿਹਨਤ ਤੇ ਕਸ਼ਟ ਦਾ ਮੂੰਹ ਨਹੀਂ ਵੇਖਿਆ, ਉਸ ਵਿੱਚ ਬਰਕਤ ਤੇ ਰੌਣਕ ਕਿਵੇਂ ਹੋ ਸਕਦੀ ਹੈ? ਜਿਸ ਬਿਰਛ ਨੂੰ ਨਾ ਫਲ, ਪਰ ਉਸ ਦੀ ਠੰਢੀ ਛਾਉਂ ਹੈ, ਆਮ ਕਰ ਕੇ ਉਹ ਬਾਲਣ ਦੇ ਰੂਪ ਵਿੱਚ ਚੁੱਲ੍ਹੇ ਵਿੱਚ ਫੂਕ ਦਿੱਤਾ ਜਾਂਦਾ ਹੈ। ਮਨੁੱਖੀ ਸਰੀਰ ਕਾਰ ਲਈ ਬਣਿਆ ਹੈ। ਕਾਰ ਨਾ ਕਰਨਾ ਸਰੀਰ ਦੇ ਗੁਣ ਨੂੰ ਅਕਾਰਥ ਗੁਆਉਣਾ ਹੈ। ਕੌਣ ਮੁੱਕਰ ਸਕਦਾ ਹੈ ਏ ਗੱਲੋਂ ਕਿ ਜਿਹੜਾ ਸਰੀਰ ਮੁਸ਼ੱਕਤ ਵਿੱਚ ਨਹੀਂ ਪੈਂਦਾ, ਕਦੇ ਅਰੋਗ ਨਹੀਂ ਰਹਿ ਸਕਦਾ। ਇਕ ਪਾਸੇ ਲੋਕ ਹੱਥੀਂ ਕੰਮ ਕਰਨ ਤੋਂ ਭੱਜਦੇ ਹਨ, ਪਰ ਫੇਰ ਸਰੀਰ ਨੂੰ ਠੀਕ ਰੱਖਣ ਲਈ ਕਸਰਤ ਕਰਦੇ ਹਨ – ਕਸਰਤ ਜੋ ਕਿ ਵਿਹਲਾ ਕੰਮ ਹੈ, ਇਕ ਤਰ੍ਹਾਂ ਦਾ ਮੀਸਣਾਪਣ ਹੈ, ਜ਼ੋਰ ਤੇ ਸਮਾਂ ਜਿਸ ਨਾਲ ਕੁਝ ਦੌਲਤ ਰਚੀ ਜਾ ਸਕਦੀ ਹੈ, ਉਸ ਨੂੰ ਦੂਜਿਆਂ ਲਈ ਵਰਤਣ ਦੀ ਥਾਂ ਖਾਸ ਆਪਣੇ ਬਣਾਉਣੀ ਸੁਆਰਥ ਲਈ ਵਰਤਿਆ ਜਾਂਦਾ ਹੈ। ਸਰੀਰ ਜੋ ਕਾਰ ਨਹੀਂ ਕਰਦਾ, ਕੁਦਰਤ ਦੇ ਉੱਕਾ ਵਿਰੁੱਧ ਹੈ ਕਿਉਂਕਿ ਕਾਰ ਹੀ ਸਰੀਰ ਦੇ ਸਾਰੇ ਅੰਗਾਂ ਨੂੰ ਅੱਛੀ ਤਰ੍ਹਾਂ ਕੁਦਰਤੀ ਹਿਲ-ਜੁਲ ਵਿੱਚ ਪਾ ਕੇ ਅਰੋਗ, ਸੁੰਦਰ ਤੇ ਸੁਡੌਲ ਰੱਖ ਸਕਦੀ ਹੈ।

ੳ) ਕਿਹੜੇ ਸਰੀਰ ਵਿੱਚ ਬਰਕਤ ਅਤੇ ਰੌਣਕ ਨਹੀਂ ਹੁੰਦੀ?

ਅ) ਸਰੀਰ ਦੇ ਗੁਣ ਨੂੰ ਕਿਵੇਂ ਅਕਾਰਥ ਗਵਾਇਆ ਜਾਂਦਾ ਹੈ?

ੲ) ਮਸ਼ਕਤ ਨਾ ਕਰਨ ਵਾਲੇ ਸਰੀਰ ਦਾ ਕੀ ਹਾਲ ਹੁੰਦਾ ਹੈ?

ਸ) ਲੇਖਕ ਨੇ ਕਸਰਤ ਨੂੰ 'ਵਿਹਲਾ ਕੰਮ' ਕਿਉਂ ਕਿਹਾ ਹੈ?

ਹ) ਸਰੀਰ ਨੂੰ ਅਰੋਗ, ਸੁੰਦਰ ਤੇ ਸੁਡੌਲ ਕਿਵੇਂ ਰੱਖਿਆ ਜਾ ਸਕਦਾ ਹੈ?

ਕ) ਇਸ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

**ਪ੍ਰ6. ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 50-60 ਸ਼ਬਦਾਂ ਵਿੱਚ ਪ੍ਰਗਟ ਕਰੋ।** **(7)**



# Periodic Test (20 July 2017)

**Class-VIII**

**Sub: Punjabi**

**(Set - B)**

**Time:** **Marks:50**

**ਪ੍ਰ1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ।** **(4×1=4)**

ੳ) ਸਤਲੁਜ ਦਾ ਪਾਣੀ ਰੋ-ਰੋ ਕੇ ਖਾਰੇ ਕਿਉਂ ਹੋ ਗਿਆ ਸੀ?

ਅ) ਕਿਸ ਦੀ ਰਫਤਾਰ ਦੇ ਨਾਲ-ਨਾਲ ਗੋਪਾਲ ਦੀਆਂ ਸੋਚਾਂ ਵੀ ਉਨੀ ਹੀ ਤੇਜ਼ ਦੌੜ ਰਹੀਆਂ ਸਨ?

ੲ) ਖੂਹਾਂ ਦਾ ਪਾਣੀ ਕਿਹੜੇ ਮਹੀਨੇ ਸੁੱਕਦਾ ਹੈ?

ਸ) ਆਪਣੇ ਜੀਵਨ ਨੂੰ ਆਪਣੀ ਬੁੱਧੀ ਮੁਤਾਬਕ ਵਧੀਆ ਦਿਖਾਉਣ ਦੀ ਕੋਸ਼ਸ਼ ਕੋਣ ਕਰ ਰਿਹਾ ਸੀ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਸਹਿਤ ਦਿਓ।** **(4×3=12)**

ੳ) "ਲਹੂ ਪੀਣੀ ਢਾਣੀ" ਸ਼ਬਦਾਂ ਦਾ ਕੀ ਅਰਥ ਹੈ? ਕਵਿਤਾ ਵਿੱਚ ਇਹ ਸ਼ਬਦ ਕਿਸਦੇ ਲਈ ਵਰਤੇ ਗਏ ਹਨ?

ਅ) ਬਿਨਾਂ ਟਿਕਟ ਸਫਰ ਕਰਨ ਦੇ ਦੋਸ਼ ਵਿੱਚ ਗੋਪਾਲ ਨੂੰ ਕੀ ਸਜਾ ਮਿਲਣ ਦਾ ਡਰ ਸੀ?

ੲ) ਬਾਰਾਂਮਾਹੇ ਦਾ ਅੰਤਲਾ ਮਹੀਨਾ ਕਿਹੜਾ ਹੈ? ਤੇ ਉਸਦੀ ਵਡਿਆਈ ਕੀ ਦੱਸੀ ਗਈ ਹੈ?

ਸ) ਰਿਆਸਤ ਦੇ ਦੀਵਾਨ ਨੇ ਮਹਾਰਾਜੇ ਕੋਲ ਜਾ ਕੇ ਕੀ ਬੇਨਤੀ ਕੀਤੀ?

**ਪ੍ਰ3. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :** **(6×1=6)**

ਸੱਭਿਅਤਾ, ਵਰਗਲਾਉਣਾ, ਕਹਿਰ, ਸੰਕਲਪ, ਅਪਰਾਧ, ਭਲੇਮਾਣਸ

**ਪ੍ਰ4. ਹੇਠ ਲਿਖੇ ਕਾਵਿ-ਅੰਸ਼ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ: (3×1=3)**

ਚੇਤ ਮਹੀਨਾ ਚੜ੍ਹਦਾ ਹੈ।
ਕਣਕੀਂ ਮਣ੍ਹਾ ਮੜ੍ਹਦਾ ਹੈ।
ਵੈਸਾਖ ਵਿਸਾਖੀ ਨਹਾਉਂਦੇ ਹਾਂ।
ਦਾਣੇ ਘਰ ਵਿੱਚ ਲਿਆਉਂਦੇ ਹਾਂ।

ੳ) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਲਈਆਂ ਗਈਆਂ ਹਨ?

ਅ) ਕਵਿਤਾ ਦੇ ਕਵੀ ਦਾ ਨਾਮ ਦੱਸੋ।

ੲ) ਇਨ੍ਹਾਂ ਸਤਰਾਂ ਦੇ ਭਾਵ ਸਪਸ਼ਟ ਕਰੋ।

## ਵਿਆਕਰਨ

**ਪ੍ਰ1. ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ। (2)**

ਭੂਆ, ਮਹੰਤ, ਲੇਖਕ, ਬਾਲ

**ਪ੍ਰ2. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ। (2)**

ਉਹ, ਗਾਂ, ਕਚਾਲੂ, ਗੰਢਾ

**ਪ੍ਰ3. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ। (2)**

ਅੰਬਰਸਰ, ਸਿਫਾਰਿਸ਼, ਨਲੈਕ, ਹ੍ਰਿਦਯ

**ਪ੍ਰ4. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ। (6)**

ਅਲਖ ਜਗਾਉਣੀ, ਆਸਾਂ ਤੇ ਪਾਣੀ ਫਿਰਨਾ, ਉੱਨੀ ਇੱਕੀ ਦਾ ਫਰਕ, ਊਠ ਦੇ ਮੂੰਹ ਜੀਰਾ ਦੇਣਾ, ਉਜਾੜ ਮੱਲਣੀ, ਅੱਖਾਂ ਅੱਗੇ ਸਰੋਂ ਫੁੱਲਣੀ

**ਪ੍ਰ5. ਹੇਠ ਲਿਖੇ ਪੈਰ੍ਹੇ ਵਿੱਚੋਂ ਪ੍ਰਸ਼ਨਾਂ ਦੇ ਉੱਤਰ ਲੱਭ ਕੇ ਲਿਖੋ। (6)**

ਕੇਵਲ ਸਾਹਿਤ ਦੇ ਮਾਧਿਅਤ ਦੁਆਰਾ ਹੀ ਨਹੀਂ, ਸਗੋਂ ਵਿੱਦਿਅਕ ਖੇਤਰ ਵਿੱਚ ਵੀ ਅਸਲੀ ਪ੍ਰਯੋਗ ਕਰਕੇ ਟੈਗੋਰ ਨੇ ਲਾਸਾਨੀ ਵਿੱਦਿਅਕ ਪ੍ਰਨਾਲੀ ਪੇਸ਼ ਕੀਤੀ। ਉਸਨੇ ਆਪਣੇ ਸੰਦੇਸ਼ ਆਪਣੀ ਬੋਲੀ ਵਿੱਚ ਦੇਣ ਦਾ ਬੀੜਾ ਚੁੱਕਿਆ। ਉਹ ਉਹਨਾਂ ਸੰਸਥਾਵਾਂ ਨੂੰ ਨਫ਼ਰਤ ਕਰਦਾ ਸੀ ਜਿੱਥੇ ਬੱਚਿਆਂ ਦੇ ਮਾਂ-ਬੋਲੀ ਵਿੱਚ ਫੁੱਟਦੇ ਮੌਲਿਕ ਵਿਚਾਰਾਂ ਨੂੰ ਵਿਗਸਣ ਨਹੀਂ ਸੀ ਦਿੱਤਾ ਜਾਂਦਾ। ਉਹ ਨਹੀਂ ਸੀ ਚਾਹੁੰਦਾ ਕਿ ਜਮਾਤਾਂ ਵਿੱਚ ਬੱਚੇ ਪੱਥਰ ਦੇ ਬੁੱਤ ਜਾਂ ਅਜਾਇਬ-ਘਰ ਦੀਆਂ ਵਸਤਾਂ ਵਾਂਗ ਹੋਣ। ਕੁਦਰਤੀ ਨਜ਼ਾਰਿਆਂ ਵਿੱਚ ਖਿੱਲੀਆਂ ਪਾਉਂਦੇ, ਮੀਂਹ ਵਿੱਚ ਨੰਗ-ਧੜੰਗ ਭੱਜਦੇ ਫ਼ਿਰਦੇ ਮੋਹ-ਪਿਆਰ ਵਿੱਚ ਭਿੱਜੇ ਬੱਚਿਆਂ ਨੂੰ ਵੇਖ ਕੇ ਟੈਗੋਰ ਫੁਲਿਆ ਨਹੀਂ ਸੀ ਸਮਾਉਂਦਾ। ਉਹ ਚਾਹੁੰਦਾ ਸੀ ਕਿ ਹਰ ਨਵੀਂ ਸਵੇਰ ਜ਼ਿੰਦਗੀ ਦੇ ਨਵੀਨ ਪਹਿਲੂਆਂ ਬਾਰੇ ਬੱਚਿਆਂ ਨੂੰ ਪ੍ਰੇਰਨਾ ਦੇਵੇ। ਪੁਰਾਣੀਆਂ ਰਵਾਇਤਾਂ ਦਾ ਖ਼ਾਤਮਾ ਜ਼ਰੂਰੀ ਹੈ। ਸਮੇਂ ਅਨੁਸਾਰ ਹੋਈ ਤਬਦੀਲੀ ਸਿਰਜਣਾਤਮਕਤਾ ਦੀ ਸੂਚਕ ਹੈ। ਇਸ ਦੁਆਰਾ ਸੱਭਿਆਚਾਰ ਨਰੋਆ ਹੁੰਦਾ ਹੈ।

ੳ) ਕਿਹੜੀਆਂ ਸੰਸਥਾਵਾਂ ਨੂੰ ਟੈਗੋਰ ਨਫ਼ਰਤ ਕਰਦਾ ਸੀ?

ਅ) ਬੱਚਿਆਂ ਬਾਰੇ ਟੈਗੋਰ ਦੇ ਕਿਸ ਤਰ੍ਹਾਂ ਦੇ ਵਿਚਾਰ ਸਨ?


ੲ) ਟੈਗੋਰ ਨੂੰ ਬੱਚੇ ਕਦੋਂ ਚੰਗੇ ਲੱਗਦੇ ਸਨ?

ਸ) ਟੈਗੋਰ ਅਨੁਸਾਰ ਸਿਰਜਣਾ ਲਈ ਕਿਸ ਦਾ ਖ਼ਾਤਮਾ ਜਰੂਰੀ ਹੈ?

ਹ) ਟੈਗੋਰ ਨੇ ਕਿਹੜੀ ਵਿੱਦਿਅਕ ਪ੍ਰਣਾਲੀ ਪੇਸ਼ ਕੀਤੀ?

ਕ) ਇਸ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

**ਪ੍ਰ6. ਹੇਠ ਲਿਖੇ ਚਿੱਤਰ ਨੂੰ ਵੇਖ ਕੇ ਆਪਣੇ ਵਿਚਾਰ 50-60 ਸ਼ਬਦਾਂ ਵਿੱਚ ਪ੍ਰਗਟ ਕਰੋ। (7)**



## Periodic Test (20 July 2017)

**Class-VIII**

**Sub: Punjabi**

**(Set - A)**

**Time:** **Marks:50**

**ਪ੍1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ।** **(4×1=4)**

ੳ) ਜਦੋਂ ਸ. ਭਗਤ ਸਿੰਘ ਨੇ ਫਾਂਸੀ ਨੂੰ ਚੁੰਮਿਆ ਤਾਂ ਉਸਦੇ ਨੈਣਾਂ ਅੰਦਰ ਕਿਸ ਦੇ ਸੁਪਨੇ ਲਹਿਰਾਏ?

ਅ) ਗੋਪਾਲ ਨੂੰ ਚੌਂਕੀਦਾਰ ਦੀਆਂ ਗੱਲਾਂ ਕਿਹੋ ਜਿਹੀਆਂ ਲੱਗੀਆਂ?

ੲ) ਸਾਉਣ ਦੇ ਮਹੀਨੇ ਅੰਬ ਅਤੇ ਜਾਮਣਾਂ ਨੂੰ ਕੀ ਹੁੰਦਾ ਹੈ?

ਸ) ਦੀਵਾਨਗੜ੍ਹ ਵਿੱਚ ਆਪਣੀ ਕਿਸਮਤ ਪਰਖਣ ਲਈ ਕਿੱਥੋਂ-ਕਿੱਥੋਂ ਉਮੀਦਵਾਰ ਆਏ?

**ਪ੍ਰ2. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਥਾਰ ਸਹਿਤ ਦਿਓ।** **(4×3=12)**

ੳ) ਦੇਸ਼ ਦੀ ਗੁਲਾਮੀ ਵੇਲੇ ਪੰਜਾਬ ਦੀ ਹਾਲਤ ਜਿਵੇਂ ਬਣ ਗਈ ਸੀ? ਕਵਿਤਾ ਦੇ ਅਪਾਰ ਉੱਤੇ ਦੱਸੋ।

ਅ) 'ਮੁੜਦੇ ਹੋਏ ਕਦਮ' ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

ੲ) ਅੰਗ੍ਰੇਜ਼ੀ ਅਤੇ ਦੇਸੀ ਮਹੀਨਿਆਂ ਦੇ ਨਾਂ ਲਿਖੋ।

ਸ) ਅੰਨ ਨਾਲ ਭਰੇ ਗੱਡੇ ਨੂੰ ਚਿੱਕੜ ਵਿੱਚੋਂ ਕੱਢਣ ਲਈ ਕਿਰਸਾਨ ਦੀ ਸਹਾਇਤਾ ਕਿਸਨੇ ਕੀਤੀ ਤੇ ਕਿਉਂ?

**ਪ੍ਰ3. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :** **(6×1=6)**

ਫੌਲਾਦੀ, ਸੁੰਗੜਦਾ, ਪਹਿਰ, ਭਾਉਂਦਾ, ਸਹਾਇਕ, ਔਕੜ